







ਡਿਪਟੀ ਕਮਿਸ਼ਨਰ ਨੂੰ ਮੰਗ-ਪੱਤਰ ਦਿੰਦੇ ਹੋਏ ਨਰੇਸ਼ ਧੀਂਗਾਨ ਅਤੇ ਹੋਰ। ਅਜੀਤ ਤਸਵੀਰ

# ਵਾਲਮੀਕਿ ਤੀਰਥ 'ਤੇ ਜ਼ਬਰੀ ਝੰਡਾ ਚੜ੍ਹਾਉਣ ਅਤੇ ਬੇਅਦਬੀ ਖ਼ਿਲਾਫ਼ ਡਿਪਟੀ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ

## ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲੇ-ਧੀਂਗਾਨ

ਲੁਧਿਆਣਾ, 28 ਅਕਤੂਬਰ (ਪਰਮਿੰਦਰ ਸਿੰਘ ਆਹੂਜਾ)-ਲੁਧਿਆਣਾ ਵਾਲਮੀਕਿ ਸਮਾਜ ਦੀਆਂ ਸਮੂਹ ਜਥੇਬੰਦੀਆਂ ਵਲੋਂ ਬੀਤੇ ਦਿਨੀਂ ਵਾਲਮੀਕਿ ਤੀਰਥ ਸ੍ਰੀ ਅੰਮ੍ਰਿਤਸਰ ਵਿਖੇ ਝੰਡੇ ਚੜ੍ਹਾਉਣ ਦੀ ਰਸਮ ਦੌਰਾਨ ਹੋਈ ਬੇਅਦਬੀ ਨੂੰ ਲੈ ਕੇ ਅੱਜ ਵੱਖ ਵੱਖ ਆਗੂਆਂ ਵਲੋਂ ਨਰੇਸ਼ ਧੀਂਗਾਨ ਦੀ ਅਗਵਾਈ ਵਿਚ ਡਿਪਟੀ ਕਮਿਸ਼ਨਰ ਲੁਧਿਆਣਾ ਹਿਮਾਂਸ਼ੂ ਜੈਨ ਰਾਹੀਂ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਮ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਨਰੇਸ਼ ਧੀਂਗਾਨ ਨੇ ਦੱਸਿਆ ਕਿ ਬੀਤੀ 27 ਅਕਤੂਬਰ ਨੂੰ ਕੁੱਝ ਵਿਅਕਤੀਆਂ ਨੇ ਭੀੜ ਨੂੰ ਭੜਕਾ ਕੇ ਪਾਵਨ ਵਾਲਮੀਕਿ ਤੀਰਥ ਦੀ ਬੇਅਦਬੀ ਕੀਤੀ ਅਤੇ ਇਸ ਦੇ ਲਈ ਪ੍ਰਸ਼ਾਸਨ ਅੰਮ੍ਰਿਤਸਰ ਨੂੰ ਨਿਰੰਤਰ ਜਾਣਕਾਰੀ ਦੇ ਰਹੇ ਸੀ ਕਿ ਨਾਥ ਪੰਥ ਦੇ ਕੁੱਝ ਸਵੈਭੂ ਸੰਤ ਜ਼ਬਰਦਸਤੀ ਝੰਡਾ ਚੜ੍ਹਾਉਣ ਦੀ ਸ਼ਰਾਰਤ ਹੋਵੇਗੀ, ਪ੍ਰੰਤੂ ਫਿਰ ਵੀ ਅੰਮ੍ਰਿਤਸਰ ਪ੍ਰਸ਼ਾਸਨ ਵਲੋਂ ਸਾਡੀ ਇਸ ਬੇਨਤੀ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਗਿਆ। ਉਥੇ ਹੀ ਭੀੜ ਵਲੋਂ ਜੁੱਤਿਆਂ ਸਮੇਤ ਵਾਲਮੀਕਿ ਤੀਰਥ ਵਿਖੇ ਪ੍ਰਵੇਸ਼ ਕੀਤਾ ਗਿਆ। ਤੀਰਥ ਅੰਦਰ ਸ਼ਰ੍ਹੇਆਮ ਹਥਿਆਰ ਲਹਿਰਾਏ ਗਏ ਅਤੇ ਸਭ ਤੋਂ ਘਟੀਆ ਕੰਮ ਵਾਲਮੀਕਿ ਕੌਮ ਨੂੰ ਭਰੋਸੇ ਵਿਚ ਲਏ ਬਿਨਾਂ ਪੁਲਿਸ ਪ੍ਰਸ਼ਾਸਨ ਦੀ ਮੌਜੂਦਗੀ ਵਿਚ ਜ਼ਬਰਦਸਤੀ ਤੀਰਥ ਵਿਖੇ ਝੰਡਾ ਚੜ੍ਹਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਘਟਨਾ ਲਈ ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਪ੍ਰਸ਼ਾਸਨ ਜ਼ਿੰਮੇਵਾਰ ਹੈ। ਇਸ ਮੌਕੇ ਵਾਲਮੀਕਿ ਸਮਾਜ ਦੀਆਂ ਸਮੂਹ ਜਥੇਬੰਦੀਆਂ ਦੇ ਆਗੂਆਂ ਨੇ ਐਲਾਨ ਕੀਤਾ ਕਿ ਉਕਤ ਘਟਨਾ ਨੂੰ ਦੇ ਵਿਰੋਧ ਵਿਚ 29 ਅਕਤੂਬਰ ਨੂੰ ਸਵੇਰੇ 9.00 ਵਜੇ ਤੋਂ 5.00 ਵਜੇ ਤੱਕ ਅੰਮ੍ਰਿਤਸਰ ਭੰਡਾਰੀ ਪੁਲ ਵੀ ਬੰਦ ਕਰਨ ਦਾ ਸੱਦਾ ਸਮੁੱਚੇ ਵਾਲਮੀਕਿ ਸਮਾਜ ਵਲੋਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਬੇਅਦਬੀ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਆਉਣ ਵਾਲੇ ਦਿਨਾਂ ਵਿਚ ਹੋਰ ਵੀ ਸਖ਼ਤ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਆਨੰਦ ਰਾਖ਼ਸ਼ਸ਼, ਸੰਜੀਵ ਏਕਲਵਯ, ਜਤਿੰਦਰ ਵਰੈਟੀ, ਐਡਵੋਕੇਟ ਨਰਿੰਦਰ ਆਦਿਆ, ਐਡਵੋਕੇਟ ਦੀਪਕ ਵੜੈਚ, ਸੰਜੀਵ ਖੰਡੂ, ਵਿਨੋਦ ਏਕਲਵਯ, ਬਲਵਿੰਦਰ ਡੁਲਗਚ, ਰਾਜਵੀਰ ਚੋਟਾਲਾ, ਚਰਨਪਾਲ ਚੰਨਾ, ਪਿੰਕਾ ਚੰਡਾਲਿਆ, ਰਵੀ ਮਤੰਗ, ਵਿੱਕੀ ਰਹੇਲਾ, ਮਨੋਜ ਚੌਹਾਨ, ਬਲੇਸ਼ਵਰ ਦੈਤਯਾ, ਸੁਭਾਸ਼ ਸੌਦੇ, ਰਜਿੰਦਰ ਆਦਿਵਾਸੀ, ਪਰਵਿੰਦਰ ਪੁਹਾਲ, ਸੂਰਜ ਸੋਦੇ, ਪ੍ਰਿਆਂਸ਼ੂ ਸ਼ੰਭੂਕ, ਕ੍ਰਿਸ਼ਨਪਾਲ ਸਿਰਸਵਾਲ, ਮੋਨੂੰ ਘਾਰੂ, ਵਰੁਣ ਰਾਜ, ਰਾਮ ਸੂਰਤ, ਮੁਕੇਸ਼ ਅਨਾਰਿਆ, ਅਨੁਰਾਗ ਚੰਡਾਲਿਆ, ਵਿਨੋਦ ਬੋਹਤ, ਜਤਿੰਦਰ ਭੀਲ, ਰਿੰਕੂ ਦਾਨਵ, ਬਬਲੂ ਧੀਂਗਾਨ, ਸੁਸ਼ੀਲ ਰੱਤੀ, ਰੁਪੇਸ਼ ਚੌਟਾਲਾ ਆਦਿ ਹਾਜ਼ਰ ਸਨ।

# ਹਲਕਾ ਦੱਖਣੀ ਅੰਦਰ ਥਾਂ-ਥਾਂ 'ਤੇ ਲੱਗੇ ਕੂੜੇ ਦੇ ਢੇਰ

## ਕਿਸੇ ਵੇਲੇ ਵੀ ਫੈਲ ਸਕਦੀ ਹੈ ਗੰਭੀਰ ਬਿਮਾਰੀ



ਇੰਡੀਅਨ ਪਬਲਿਕ ਸਕੂਲ ਦੇ ਸਾਹਮਣੇ ਪਲਾਟ 'ਚ ਲੱਗਿਆ ਕੂੜੇ ਦਾ ਢੇਰ। ਤਸਵੀਰ-ਕੁਲਵੰਤ ਸਿੰਘ ਸੱਪਲ

ਡਾਬਾ/ਲੁਹਾਰਾ, 28 ਅਕਤੂਬਰ (ਕੁਲਵੰਤ ਸਿੰਘ ਸੱਪਲ)-ਹਲਕਾ ਦੱਖਣੀ ਅੰਦਰ ਥਾਂ-ਥਾਂ 'ਤੇ ਲੱਗੇ ਕੂੜੇ ਦੇ ਢੇਰਾਂ ਕਾਰਨ ਕਿਸੇ ਵੇਲੇ ਵੀ ਬਿਮਾਰੀ ਫੈਲ ਸਕਦੀ ਹੈ। ਸਟਾਰ ਰੋਡ, ਇੰਡੀਅਨ ਸਕੂਲ ਡਾਬਾ ਲੁਹਾਰਾ ਰੋਡ, ਸਾਹਮਣੇ ਇੰਡੀਅਨ ਸਕੂਲ, ਜਿੱਥੇ ਸਬਜ਼ੀ ਮੰਡੀ ਵੀ ਲੱਗਦੀ ਹੈ, ਕੋਲ ਪਲਾਟ ਵਿਚ ਅਤੇ ਗਲੀ/ਮੁਹੱਲਿਆਂ ਦੇ ਕਈ ਪਲਾਟਾਂ ਵਿਚ ਕੂੜੇ ਦੇ ਢੇਰ ਲੱਗੇ ਹੋਏ ਹਨ। ਇਹ ਕੂੜਾ ਇਲਾਕਾ ਵਾਸੀਆਂ ਦੀ ਸਿਹਤ ਲਈ ਵੱਡਾ ਖ਼ਤਰਾ ਬਣਿਆ ਹੋਇਆ ਹੈ ਕਿਉਂਕਿ ਕੂੜੇ ਵਿਚੋਂ ਉਠਦੀ ਗੰਦੀ ਬਦਬੂ ਕਾਰਨ ਲੋਕਾਂ ਦਾ ਜਿਊਣਾ ਮੁਸ਼ਕਿਲ ਹੋ ਜਾਂਦਾ ਹੈ। ਡਾਬਾ ਲੁਹਾਰਾ ਰੋਡ 'ਤੇ ਚਾਰ-ਪੰਜ ਸਕੂਲ ਹਨ, ਜਿੱਥੇ ਕਿ ਬਹੁਤ ਸਾਰੇ ਬੱਚੇ ਪੜ੍ਹਨ ਆਉਂਦੇ ਹਨ ਅਤੇ ਇਸ ਰੋਡ 'ਤੇ ਰੋਜ਼ਾਨਾ ਹਜ਼ਾਰਾਂ ਲੋਕ ਲੰਘਦੇ ਹਨ। ਕੂੜੇ ਦੇ ਢੇਰਾਂ ਕਾਰਨ ਡੇਂਗੂ ਵਰਗੀਆਂ ਬਿਮਾਰੀਆਂ ਦੇ ਇਲਾਕੇ ਵਿਚ ਫੈਲਣ ਦਾ ਵੀ ਡਰ ਬਣਿਆ ਹੋਇਆ ਹੈ। ਪ੍ਰਸ਼ਾਸਨ ਨੇ ਪਿਛਲੇ ਦਿਨਾਂ ਵਿਚ ਸਕੂਲਾਂ 'ਚ 'ਮੇਰਾ ਕੂੜਾ-ਮੇਰੀ ਜ਼ਿੰਮੇਵਾਰੀ' ਤਹਿਤ ਸਫ਼ਾਈ ਅਭਿਆਨ ਸ਼ੁਰੂ ਕੀਤਾ ਸੀ, ਪਰ ਜਿੱਥੇ ਕਿ ਸਕੂਲਾਂ ਕੋਲ ਕੂੜਾ ਪਿਆ ਹੈ, ਪਹਿਲਾਂ ਉਸ ਜਗ੍ਹਾ ਤੋਂ ਸਫ਼ਾਈ ਕਰਵਾਈ ਜਾਵੇ ਤਾਂ ਜੋ ਸਕੂਲੀ ਬੱਚੇ ਸੁਰੱਖਿਅਤ ਰਹਿ ਸਕਣ। ਇਲਾਕੇ ਦੇ ਲੋਕਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਕੂੜੇ ਕਾਰਨ ਕੋਈ ਗੰਭੀਰ ਬਿਮਾਰੀ ਫੈਲਣ ਤੋਂ ਪਹਿਲਾਂ ਇਨ੍ਹਾਂ ਪਲਾਟਾਂ ਵਿਚੋਂ ਕੂੜਾ ਚੁਕਵਾਇਆ ਜਾਵੇ।

### ਵਾਰਡ ਨੰਬਰ 36 ਦੇ ਕੌਂਸਲਰ ਸਤਨਾਮ ਸਿੰਘ ਢਿੱਲੋਂ



ਇਸ ਸਬੰਧੀ ਜਦੋਂ ਵਾਰਡ ਦੇ ਕੌਂਸਲਰ ਸਤਨਾਮ ਸਿੰਘ ਢਿੱਲੋਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੈਂ ਜ਼ੋਨ ਚੀਫ਼ ਸ੍ਰੀ ਰਜਿੰਦਰ ਨੂੰ ਆਪਣੇ ਲੈਟਰ ਪੈਡ 'ਤੇ ਲਿਖ ਕੇ ਦਿੱਤਾ ਹੋਇਆ ਹੈ, ਪਰ ਉਹ ਆਪਣੀ ਮਨਮਰਜ਼ੀ ਕਰਦਿਆਂ ਕਹਿੰਦਾ ਹੈ ਕਿ ਮੇਰੀ ਗੱਡੀ ਕਦੇ ਇਕ ਵਿਧਾਇਕ ਕੋਲ ਤੇ ਕਦੇ ਦੂਜੇ ਵਿਧਾਇਕ ਕੋਲ ਚਲੇ ਜਾਂਦੀ ਹੈ, ਇਸ ਲਈ ਕੂੜਾ ਨਹੀਂ ਚੁੱਕਿਆ ਜਾ ਰਿਹਾ ਕੌਂਸਲਰ ਸਤਨਾਮ ਢਿੱਲੋਂ ਨੇ ਕਿਹਾ ਕਿ ਜੇਕਰ ਇਹ ਕੂੜਾ ਜਲਦੀ ਨਾ ਚੁੱਕਿਆ ਗਿਆ ਤਾਂ ਉਹ ਵਾਰਡ ਦੇ ਲੋਕਾਂ ਨੂੰ ਨਾਲ ਲੈ ਕੇ ਵੱਡਾ ਧਰਨਾ ਦੇਣਗੇ। ਦੂਜੇ ਪਾਸੇ ਜਦੋਂ ਇਸ ਸਬੰਧੀ ਚੀਫ਼ ਸ੍ਰੀ ਰਜਿੰਦਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਲਾਕੇ ਦੇ ਇੰਸਪੈਕਟਰ ਦੀ ਕੂੜਾ ਚੁੱਕਣ ਦੀ ਡਿਊਟੀ ਲਗਾ ਦਿੱਤੀ ਜਾਵੇਗੀ।

### ਭਾਜਪਾ ਆਗੂ ਨਿਰਮਲ ਸਿੰਘ ਐਸ.ਐਸ.



ਇਸ ਸਬੰਧੀ ਜਦੋਂ ਭਾਜਪਾ ਦੇ ਆਗੂ ਨਿਰਮਲ ਸਿੰਘ ਐਸ.ਐਸ. ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪੂਰੇ ਦੱਖਣੀ ਹਲਕੇ ਅੰਦਰ ਕੂੜੇ ਦੇ ਢੇਰ ਲੱਗੇ ਹੋਏ ਹਨ, ਹਲਕੇ ਵਿਚ ਕੋਈ ਸਫ਼ਾਈ ਨਹੀਂ ਹੋ ਰਹੀ, ਗਲੀ/ਮੁਹੱਲਿਆਂ ਦੀਆਂ ਸੜਕਾਂ ਟੁੱਟੀਆਂ ਹੋਈਆਂ ਹਨ, ਜਿਸ ਵੱਲ ਕਿਸੇ ਦਾ ਕੋਈ ਧਿਆਨ ਨਹੀਂ।

### ਸ਼੍ਰੋਮਣੀ ਅਕਾਲੀ ਦਲ ਹਲਕਾ ਦੱਖਣੀ ਇੰਚਾਰਜ ਜਸਪਾਲ ਸਿੰਘ ਗਿਆਸਪੁਰਾ



ਸ਼੍ਰੋਮਣੀ ਅਕਾਲੀ ਦਲ ਹਲਕਾ ਦੱਖਣੀ ਇੰਚਾਰਜ ਜਸਪਾਲ ਸਿੰਘ ਗਿਆਸਪੁਰਾ ਨੇ ਕਿਹਾ ਕਿ ਸਕੂਲ ਕੋਲ ਕੂੜੇ ਦਾ ਢੇਰ ਲੱਗਣਾ ਬਹੁਤ ਮਾੜੀ ਗੱਲ ਹੈ, ਇਸ ਨਾਲ ਸਕੂਲ ਵਿਚ ਪੜ੍ਹਨ ਵਾਲੇ ਬੱਚਿਆਂ ਦੀ ਸਿਹਤ 'ਤੇ ਬੁਰਾ ਅਸਰ ਪੈ ਰਿਹਾ ਹੈ ਅਤੇ ਉਨ੍ਹਾਂ ਦੀ ਸਿਹਤ ਨਾਲ ਖਿਲਵਾੜ ਹੈ। ਮੈਂ ਨਿਗਮ ਕਮਿਸ਼ਨਰ ਕੋਲ ਇਹ ਮੁੱਦਾ ਉਠਾ ਕੇ ਇਕ-ਦੋ ਦਿਨਾਂ ਵਿਚ ਕੂੜਾ ਚੁੱਕਾ ਦਿੱਤਾ ਜਾਵੇਗਾ।



ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਸ਼ਹੀਦੀ ਸਮਾਗਮਾਂ ਦੌਰਾਨ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਦੇ ਡਾ. ਨਿਰਮਲ ਜੋੜਾ ਤੇ ਹੋਰ। ਅਜੀਤ ਤਸਵੀਰ

# ਸ਼ਹੀਦੀ ਸਮਾਗਮਾਂ ਦੌਰਾਨ ਪੀ.ਏ.ਯੂ. ਵਿਚ ਕਰਵਾਏ ਜਾਣਗੇ ਪ੍ਰੋਗਰਾਮ-ਡਾ. ਗੋਸਲ

ਲੁਧਿਆਣਾ, 28 ਅਕਤੂਬਰ (ਡਾ. ਤਰਲੋਚਨ ਸਿੰਘ)-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਸਬੰਧੀ ਪੀ.ਏ.ਯੂ. ਵਿਚ ਕਈ ਪ੍ਰੋਗਰਾਮ ਕਰਵਾਏ ਜਾਣਗੇ। ਇਹ ਜਾਣਕਾਰੀ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਇਕ ਮੀਟਿੰਗ ਦੌਰਾਨ ਦਿੱਤੀ। ਮੀਟਿੰਗ ਵਿਚ ਰਜਿਸਟਰਾਰ ਡਾ. ਰਿਸ਼ੀ ਪਾਲ ਸਿੰਘ ਆਈ.ਏ.ਐਸ, ਨਿਰਦੇਸ਼ਕ ਵਿਦਿਆਰਥੀ ਭਲਾਈ ਡਾ. ਨਿਰਮਲ ਜੌੜਾ, ਡਾ. ਚਰਨਜੀਤ ਸਿੰਘ ਔਲਖ, ਡਾ. ਕਿਰਨ ਬੈਂਸ, ਡਾ. ਮਨਜੀਤ ਸਿੰਘ, ਡਾ. ਰਿਸ਼ੀ ਇੰਦਰ ਸਿੰਘ ਗਿੱਲ, ਡਾ. ਕਮਲਜੀਤ ਸਿੰਘ ਸੂਰੀ, ਡਾ. ਰੁਪਿੰਦਰ ਕੌਰ, ਡਾ. ਬੂਟਾ ਸਿੰਘ ਢਿੱਲੋਂ ਅਤੇ ਡਾ. ਅਨਿਲ ਸ਼ਰਮਾ ਹਾਜ਼ਰ ਸਨ। ਡਾ. ਸਤਿਬੀਰ ਸਿੰਘ ਗੋਸਲ ਨੇ ਕਿਹਾ ਕਿ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਖਾਸ ਤੌਰ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਹੱਕ ਸੱਚ ਲਈ ਦਿੱਤੀ ਕੁਰਬਾਨੀ ਬਾਰੇ ਗਿਆਨ ਹੋਣਾ ਜ਼ਰੂਰੀ ਹੈ। ਡਾ. ਨਿਰਮਲ ਜੌੜਾ ਨੇ ਦੱਸਿਆ ਕਿ ਇਸ ਸਬੰਧੀ 30 ਅਕਤੂਬਰ ਨੂੰ ਯੂਨੀਵਰਸਿਟੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਫਲਸਫੇ ਬਾਰੇ ਇਕ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਸੈਮੀਨਾਰ ਦੀ ਪ੍ਰਧਾਨਗੀ ਡਾ. ਸਤਿਬੀਰ ਸਿੰਘ ਗੋਸਲ ਕਰਨਗੇ, ਜਦੋਂ ਕਿ ਉੱਘੇ ਵਿਦਵਾਨ ਡਾ. ਇੰਦਰਜੀਤ ਸਿੰਘ ਗੋਗੋਆਣੀ ਗੁਰੂ ਜੀ ਦੇ ਜੀਵਨ ਬਾਰੇ ਮੁੱਖ ਭਾਸ਼ਣ ਦੇਣਗੇ। ਯੂਨੀਵਰਸਿਟੀ ਵਲੋਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਮਿਲ ਕੇ 13 ਨਵੰਬਰ ਦਿਨ ਵੀਰਵਾਰ ਨੂੰ ਯੂਨੀਵਰਸਿਟੀ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਕੀਰਤਨ ਦਰਬਾਰ ਹੋਵੇਗਾ। ਡਾ. ਰੁਪਿੰਦਰ ਕੌਰ ਨੇ ਦੱਸਿਆ ਕਿ ਨਵੰਬਰ ਮਹੀਨੇ ਦੇ ਅਖੀਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਰੇ ਪੰਜਾਬੀ ਸੰਗੀਤ ਅਤੇ ਨਾਟਕ ਦਾ ਪ੍ਰੋਗਰਾਮ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਦੇ ਹੋ ਰਹੇ ਯੁਵਕ ਮੇਲੇ ਦੇ ਸ਼ਬਦ ਮੁਕਾਬਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਹੋਣਗੇ।

## ਜਨਮ ਦਿਨ ਮੁਬਾਰਕ



ਭਵਨੀਤ ਕੌਰ
ਪਿਤਾ: ਗੁਰਬਖਸ਼ ਸਿੰਘ
ਮਾਤਾ : ਕੁਲਵਿੰਦਰ ਕੌਰ
ਲੁਧਿਆਣਾ



ਪੰਥ ਪ੍ਰੀਤ ਸਿੰਘ
ਪਿਤਾ: ਅਨੰਦ ਪ੍ਰੀਤ ਸਿੰਘ
ਮਾਤਾ: ਪ੍ਰਭਦੀਪ ਕੌਰ
ਵਾਸੀ- ਲੁਧਿਆਣਾ।



ਅਨਾਇਆ ਸ਼ਰਮਾ
ਪਿਤਾ: ਗਗਨ ਸ਼ਰਮਾ
ਮਾਤਾ : ਚਾਂਦਨੀ ਸ਼ਰਮਾ
ਵਾਸੀ-ਪ੍ਰੀਤ ਨਗਰ, ਲੁਧਿਆਣਾ।



ਨਿਤਿਸ਼ ਗੰਗਰ
ਪਿਤਾ: ਮਹੇਸ਼ ਗੰਗਰ
ਮਾਤਾ: ਸੁਨੀਤਾ ਗੰਗਰ
ਵਾਸੀ : ਲੁਧਿਆਣਾ।

# ਖੇਤੀਬਾੜੀ ਵਿਦਿਆਰਥੀ ਐਸੋਸੀਏਸ਼ਨ ਦਾ ਧਰਨਾ 35ਵੇਂ ਦਿਨ 'ਚ ਦਾਖਲ

ਲੁਧਿਆਣਾ, 28 ਅਕਤੂਬਰ (ਜਸਵਿੰਦਰ ਸਿੰਘ)-ਪੰਜਾਬ ਖੇਤੀਬਾੜੀ ਵਿਦਿਆਰਥੀਆਂ ਦਾ ਧਰਨਾ 35ਵੇਂ ਦਿਨ 'ਚ ਦਾਖਲ ਹੋ ਗਿਆ। ਅੱਜ ਵਿਦਿਆਰਥੀ ਆਗੂਆਂ ਮਨਪ੍ਰੀਤ ਸਿੰਘ, ਦਵਿੰਦਰ ਸਿੰਘ, ਗੁਨਤਾਸ ਸਿੰਘ ਅਤੇ ਗੌਤਮ ਮਹਿਤਾ ਨੇ ਮੰਗ ਪੱਤਰ ਵਿੱਤ ਮੰਤਰੀ ਪੰਜਾਬ ਨੂੰ ਸੈਕਟਰੀਏਟ ਵਿਖੇ ਸੌਂਪਿਆ। ਖੇਤੀਬਾੜੀ ਵਿਦਿਆਰਥੀਆਂ ਵਲੋਂ ਲਗਾਤਾਰ ਚੱਲ ਰਹੇ ਸੰਘਰਸ਼ ਦਾ ਅੱਜ 35ਵਾਂ ਦਿਨ ਹੈ। ਇਸ ਮੌਕੇ ਵਿਦਿਆਰਥੀ ਆਗੂਆਂ ਨੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨਾਲ ਸੈਕਟਰੀਏਟ ਵਿਖੇ ਮੁਲਾਕਾਤ ਕੀਤੀ ਅਤੇ ਖੇਤੀਬਾੜੀ, ਮਿੱਟੀ ਸੰਭਾਲ, ਮੰਡੀ ਬੋਰਡ, ਮਾਰਕਫੈੱਡ, ਪੰਜਾਬ ਐਗਰੋ, ਪਨਸੀਡ ਅਤੇ ਹੋਰ ਖੇਤੀਬਾੜੀ ਸੰਬੰਧਿਤ ਵਿਭਾਗਾਂ ਵਿਚ ਪਈਆਂ ਖਾਲੀ ਅਸਾਮੀਆਂ ਨੂੰ ਜਲਦੀ ਭਰਨ ਸਬੰਧੀ ਵਿਸਥਾਰਤ ਮੰਗ ਪੱਤਰ ਸੌਂਪਿਆ। ਵਿੱਤ ਮੰਤਰੀ ਵਲੋਂ ਵਿਦਿਆਰਥੀਆਂ ਦਾ ਮੰਗ ਪੱਤਰ ਅੱਗੇ ਭੇਜਣ ਦੀ ਕਾਰਵਾਈ ਕੀਤੀ ਗਈ। ਐਸੋਸੀਏਸ਼ਨ ਦੇ ਆਗੂਆਂ ਨੇ ਕਿਹਾ ਕਿ ਇਹ ਸੰਘਰਸ਼ ਕਿਸੇ ਇਕ ਨੌਕਰੀ ਲਈ ਨਹੀਂ, ਸਗੋਂ ਪੰਜਾਬ ਦੀ ਖੇਤੀਬਾੜੀ ਪ੍ਰਣਾਲੀ ਦੀ ਮਜ਼ਬੂਤੀ ਅਤੇ ਖੇਤੀ ਡਿਗਰੀ ਧਾਰਕਾਂ ਦੇ ਭਵਿੱਖ ਨਾਲ ਜੁੜੀ ਲੜਾਈ ਹੈ। ਉਨ੍ਹਾਂ ਨੇ ਸਾਫ਼ ਕਿਹਾ ਕਿ ਸਰਕਾਰ ਵਲੋਂ ਅਜੇ ਤੱਕ ਕੋਈ ਪੱਕਾ ਲਿਖਤੀ ਭਰੋਸਾ ਨਹੀਂ ਮਿਲਿਆ, ਇਸ ਲਈ ਸੰਘਰਸ਼ ਪਹਿਲਾਂ ਨਾਲੋਂ ਹੋਰ ਮਜ਼ਬੂਤੀ ਨਾਲ ਜਾਰੀ ਰਹੇਗਾ।

# ਨਗਰ ਨਿਗਮ ਨੇ ਸੈਨੀਟੇਸ਼ਨ ਸਟਾਫ਼ ਲਈ ਦੋ ਦਿਨਾ ਮੈਡੀਕਲ ਕੈਂਪ ਲਗਾਇਆ

ਲੁਧਿਆਣਾ, 28 ਅਕਤੂਬਰ (ਭੁਪਿੰਦਰ ਸਿੰਘ ਬੈਂਸ)-ਨਗਰ ਨਿਗਮ ਨੇ ਜਨ-ਜਨ ਦਾ ਰੱਖੋ ਧਿਆਨ, ਟੀ.ਬੀ.-ਮੁਕਤ ਭਾਰਤ ਅਭਿਆਨ ਤਹਿਤ ਸੈਨੀਟੇਸ਼ਨ ਸਟਾਫ਼ ਲਈ ਦੋ ਦਿਨਾਂ ਮੈਡੀਕਲ ਕੈਂਪ ਲਗਾਇਆ। ਕੈਂਪ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਅਤੇ ਨਗਰ ਨਿਗਮ ਕਮਿਸ਼ਨਰ ਆਦਿਤਿਆ ਡੇਚਲਵਾਲ ਦੇ ਨਿਰਦੇਸ਼ਾਂ 'ਤੇ ਮਿੱਢਾ ਚੌਕ ਨੇੜੇ ਨਗਰ ਨਿਗਮ ਦੇ ਦਫ਼ਤਰ ਵਿਖੇ ਲਗਾਇਆ ਗਿਆ। ਦੋ ਦਿਨਾਂ ਕੈਂਪ ਦੌਰਾਨ ਲਗਭਗ 400 ਕਰਮਚਾਰੀਆਂ ਦਾ ਮੈਡੀਕਲ ਚੈੱਕਅਪ ਕੀਤਾ ਗਿਆ। ਮੈਡੀਕਲ ਟੀਮ ਦੀ ਅਗਵਾਈ ਡਾ. ਰਵੀ ਖਹਿਰਾ ਨੇ ਫਾਰਮਾਸਿਸਟ ਜਤਿੰਦਰ ਪਾਲ ਸਿੰਘ, ਵਿਜੇ ਕਪੂਰ ਅਤੇ ਸੁਪਰਡੈਂਟ ਸੁਰਿੰਦਰ ਅਰੋੜਾ ਦੇ ਸਹਿਯੋਗ ਨਾਲ ਕੀਤੀ। ਉਨ੍ਹਾਂ ਨੇ ਸਿਹਤ ਸਮੱਸਿਆਵਾਂ ਤੋਂ ਪੀੜਤ ਵਿਅਕਤੀਆਂ ਨੂੰ ਦਵਾਈਆਂ ਅਤੇ ਸਾਵਧਾਨੀਆਂ ਬਾਰੇ ਮਾਰਗ ਦਰਸ਼ਨ ਦਿੱਤਾ। ਕੈਂਪ ਵਿਚ ਐਸ.ਬੀ.ਐਮ. ਸਟਾਫ਼, ਸੀ.ਡੀ.ਓ. ਅਤੇ ਨਗਰ ਨਿਗਮ ਲੁਧਿਆਣਾ ਦੇ ਸੀ.ਐਫਾਂ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲੀ। ਜ਼ਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ ਅਮਰਿੰਦਰ ਸਿੰਘ, ਸੀਨੀਅਰ ਟਰੀਟਮੈਂਟ ਸੁਪਰਵਾਈਜ਼ਰ ਸ਼ਾਲੂ ਵਰਮਾ, ਟੀ.ਬੀ.ਐਚ.ਵੀ. ਅਜੀਤ ਸਿੰਘ, ਐਲ.ਟੀ. ਜਸਵਿੰਦਰ ਕੌਰ, ਰੇਡੀਓਗ੍ਰਾਫਰ ਨਵਜੋਤ ਕੌਰ ਅਤੇ ਸਲੀਮ ਅੰਸਾਰੀ ਵੀ ਮੌਜੂਦ ਸਨ।



ਪੋਸਟਰ ਰਿਲੀਜ਼ ਕਰਨ ਸਮੇਂ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ, ਨਾਲ ਐਸ.ਐਸ.ਪੀ. ਵਿਜੀਲੈਂਸ ਰੁਪਿੰਦਰ ਕੌਰ ਸਰਾਂ। ਅਜੀਤ ਤਸਵੀਰ

# ਡੀ.ਸੀ. ਅਤੇ ਐਸ.ਐਸ.ਪੀ. ਵਿਜੀਲੈਂਸ ਨੇ ਭ੍ਰਿਸ਼ਟਾਚਾਰ ਵਿਰੁੱਧ ਲੜਾਈ 'ਚ ਜੁਟਣ ਦਾ ਦਿੱਤਾ ਸੱਦਾ

ਲੁਧਿਆਣਾ, 28 ਅਕਤੂਬਰ (ਪਰਮਿੰਦਰ ਸਿੰਘ ਆਹੂਜਾ)-ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਅਤੇ ਐਸ.ਐਸ.ਪੀ. ਵਿਜੀਲੈਂਸ ਰੁਪਿੰਦਰ ਕੌਰ ਸਰਾਂ ਨੇ ਵੀਰਵਾਰ ਨੂੰ ਨੌਜਵਾਨਾਂ ਨੂੰ ਭ੍ਰਿਸ਼ਟਾਚਾਰ ਦੇ ਖ਼ਾਤਮੇ ਲਈ ਸਰਗਰਮ ਅਤੇ ਰਚਨਾਤਮਿਕ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ। ਉਨ੍ਹਾਂ ਇਹ ਅਪੀਲ 'ਵਿਜੀਲੈਂਸ-ਸਾਡੀ ਸਾਂਝੀ ਜ਼ਿੰਮੇਵਾਰੀ' ਥੀਮ ਹੇਠ ਮਨਾਏ ਗਏ ਵਿਜੀਲੈਂਸ ਜਾਗਰੂਕਤਾ ਹਫ਼ਤਾ-2025 ਦੇ ਅਧਿਕਾਰਤ ਪੋਸਟਰ ਦੇ ਰਿਲੀਜ਼ ਦੌਰਾਨ ਕੀਤੀ। ਡੀ.ਸੀ. ਅਤੇ ਐਸ.ਐਸ.ਪੀ. ਦੋਵਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਮਾਜ ਵਿਚ ਇਕ ਪਾਰਦਰਸ਼ੀ ਪ੍ਰਣਾਲੀ ਬਣਾਉਣ ਲਈ ਨੌਜਵਾਨਾਂ ਦੇ ਮੋਢਿਆਂ 'ਤੇ ਵੱਡੀ ਜ਼ਿੰਮੇਵਾਰੀ ਹੈ। ਸਾਡੇ ਆਜ਼ਾਦੀ ਘੁਲਾਟੀਆਂ ਦੇ ਸੁਪਨੇ ਭ੍ਰਿਸ਼ਟਾਚਾਰ ਮੁਕਤ ਭਾਰਤ ਵਿਚ ਹੀ ਸਾਕਾਰ ਹੋ ਸਕਦੇ ਹਨ। ਭ੍ਰਿਸ਼ਟਾਚਾਰ ਜਨਤਕ ਵਿਸ਼ਵਾਸ ਨਾਲ ਵਿਸ਼ਵਾਸਘਾਤ ਅਤੇ ਤਰੱਕੀ ਵਿਚ ਰੁਕਾਵਟ ਹੈ, ਇਸ ਨੂੰ ਸਮੂਹਿਕ ਤੌਰ 'ਤੇ ਉਖਾੜਨਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਜੈਨ ਅਤੇ ਐਸ.ਐਸ.ਪੀ. ਸਰਾਂ ਨੇ ਕਿਹਾ ਕਿ ਇਹ ਸਹੀ ਸਮਾਂ ਹੈ ਕਿ ਅਸੀਂ ਸਾਰੇ ਰਿਸ਼ਵਤਖੋਰੀ ਦੇ ਅਭਿਆਸਾਂ ਵਿਚ ਸ਼ਾਮਿਲ ਨਾ ਹੋਣ ਦੀ ਦ੍ਰਿੜ ਵਚਨਬੱਧਤਾ ਕਰੀਏ ਕਿਉਂਕਿ ਇਹ ਸਮਾਜ ਲਈ ਇਕ ਬੁਰਾਈ ਹੈ ਅਤੇ ਇਸ ਨੂੰ ਜਲਦ ਤੋਂ ਜਲਦ ਖ਼ਤਮ ਕਰਨ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ 'ਵਿਜੀਲੈਂਸ ਜਾਗਰੂਕਤਾ ਹਫ਼ਤਾ' ਮਨਾਉਣ ਦਾ ਉਦੇਸ਼ ਜਾਗਰੂਕਤਾ ਪੈਦਾ ਕਰਨਾ ਅਤੇ ਸਾਰੇ ਭਾਈਵਾਲਾਂ ਨੂੰ ਇਸ ਖ਼ਤਰੇ ਵਿਰੁੱਧ ਲੜਾਈ ਵਿਚ ਸਮੂਹਿਕ ਤੌਰ 'ਤੇ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਸਾਰੇ ਹਿੱਸੇਦਾਰਾਂ ਨੂੰ ਭ੍ਰਿਸ਼ਟਾਚਾਰ ਦੀ ਰੋਕਥਾਮ ਅਤੇ ਲੜਾਈ 'ਚ ਸਮੂਹਿਕ ਤੌਰ 'ਤੇ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਜਨਤਾ ਨੂੰ ਭ੍ਰਿਸ਼ਟਾਚਾਰ ਦੇ ਅਭਿਆਸਾਂ ਬਾਰੇ ਸੂਚਨਾਵਾਂ ਵਿਜੀਲੈਂਸ ਵਿਭਾਗ ਨੂੰ ਭੇਜਣ ਦੀ ਵੀ ਅਪੀਲ ਕੀਤੀ ਤਾਂ ਜੋ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾ ਸਕੇ।

# ਵੱਡਾ ਗੁਰਦੁਆਰਾ ਸਾਹਿਬ ਢੰਡਾਰੀ ਕਲਾਂ ਵਿਖੇ ਸਮਾਗਮ ਪਹਿਲੀ ਨੂੰ



ਬਾਬਾ ਦਰਬਾਰਾ ਸਿੰਘ ਰੋਹੀਸਰ ਵਾਲੇ।

ਢੰਡਾਰੀ ਕਲਾਂ/ਲੁਧਿਆਣਾ, 28 ਅਕਤੂਬਰ (ਜਸਵੀਰ ਸਿੰਘ ਬੰਗਾ)-ਵੱਡਾ ਗੁਰਦੁਆਰਾ ਸਾਹਿਬ ਢੰਡਾਰੀ ਕਲਾਂ ਵਿਖੇ ਦਸਮੀ ਦਾ ਦੀਵਾਨ 1 ਨਵੰਬਰ ਦਿਨ ਸ਼ਨੀਵਾਰ ਨੂੰ ਸਜਾਇਆ ਜਾ ਰਿਹਾ ਹੈ, ਜਿਸ ਵਿਚ ਬਾਬਾ ਦਰਬਾਰਾ ਸਿੰਘ ਰੋਹੀਸਰ ਵਾਲੇ ਸ਼ਾਮ 6.30 ਤੋਂ 8.30 ਵਜੇ ਤੱਕ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ। ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਗੁਰੀ ਤੇ ਸੁਖਦੇਵ ਸਿੰਘ ਘੁੱਕਾ ਨੇ ਦੱਸਿਆ ਕਿ ਦਸਮੀ ਦੇ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਸਿੰਘਾਂ-ਸ਼ਹੀਦਾਂ ਦੀ ਯਾਦ ਵਿਚ ਹਰ ਮਹੀਨੇ ਸ਼ਾਮ ਨੂੰ ਸਮਾਗਮ ਕਰਵਾਇਆ ਜਾਂਦਾ ਹੈ, ਜਿਸ ਵਿਚ ਪੰਥ ਦੇ ਪ੍ਰਸਿੱਧ ਪ੍ਰਚਾਰਕ ਅਤੇ ਸੰਤ ਮਹਾਂਪੁਰਖ ਸੰਗਤਾਂ ਨੂੰ ਗੁਰ ਇਤਿਹਾਸ ਅਤੇ ਬਾਣੀ ਸੁਣਾ ਕੇ ਗੁਰਸਿੱਖੀ ਦਾ ਪ੍ਰਚਾਰ ਕਰਦੇ ਹਨ। ਇਸ ਮੌਕੇ ਪ੍ਰੇਮ ਸਿੰਘ, ਦਰਸ਼ਨ ਸਿੰਘ, ਸੁਖਦੇਵ ਸਿੰਘ ਤੇ ਪ੍ਰਿਤਪਾਲ ਸਿੰਘ ਵੀ ਹਾਜ਼ਰ ਸਨ।



ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਵਿਨੀਤ ਕੁਮਾਰ ਨੂੰ ਮੰਗ-ਪੱਤਰ ਦਿੰਦੇ ਹੋਏ ਕੌਂਸਲਰ ਗੁਰਪ੍ਰੀਤ ਸਿੰਘ ਬੱਬਲ। ਤਸਵੀਰ-ਸੇਵਕ ਸਿੰਘ

# ਹੀਰੋ ਬੇਕਰੀ ਚੌਕ ਦਾ ਨਾਂਅ ਸ੍ਰੀ ਗੁਰੂ ਤੇਗ ਬਹਾਦੁਰ ਚੌਕ ਰੱਖਣ ਦੀ ਮੰਗ

ਲੁਧਿਆਣਾ, 28 ਅਕਤੂਬਰ (ਭੁਪਿੰਦਰ ਸਿੰਘ ਬੈਂਸ)-ਵਾਰਡ ਨੰਬਰ 60 ਦੇ ਕੌਂਸਲਰ ਗੁਰਪ੍ਰੀਤ ਸਿੰਘ ਬੱਬਲ ਵਲੋਂ ਮੰਗਲਵਾਰ ਨੂੰ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਵਿਨੀਤ ਕੁਮਾਰ ਨੂੰ ਇਕ ਮੰਗ ਪੱਤਰ ਦਿੱਤਾ ਗਿਆ, ਜਿਸ ਵਿਚ ਹੀਰੋ ਬੇਕਰੀ ਚੌਕ ਦਾ ਨਾਂਅ ਬਦਲ ਕੇ ਸ੍ਰੀ ਗੁਰੂ ਤੇਗ ਬਹਾਦੁਰ ਚੌਕ ਰੱਖਣ ਦੀ ਮੰਗ ਕੀਤੀ ਗਈ। ਇਸ ਮੌਕੇ ਬੱਬਲ ਨੇ ਕਿਹਾ ਕਿ ਹੀਰੋ ਬੇਕਰੀ ਚੌਕ ਉਨ੍ਹਾਂ ਦੇ ਵਾਰਡ ਅਧੀਨ ਆਉਂਦਾ ਹੈ ਅਤੇ ਇਸ ਚੌਕ ਨਾਲ ਸੰਬੰਧਿਤ ਹੀਰੋ ਬੇਕਰੀ ਦਾ ਗੈਰਕਾਨੂੰਨੀ ਨਿਰਮਾਣ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ। ਇਸ ਲਈ ਇਸ ਚੌਕ ਦਾ ਨਾਂਅ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਨਾਂਅ 'ਤੇ ਰੱਖਿਆ ਜਾਵੇ ਤਾਂ ਜੋ ਉਨ੍ਹਾਂ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਉਨ੍ਹਾਂ ਨੂੰ ਯੋਗ ਸ਼ਰਧਾਂਜਲੀ ਭੇਟ ਕੀਤੀ ਜਾ ਸਕੇ।



ਸੰਤ ਬਾਬਾ ਸੁਖਵਿੰਦਰ ਸਿੰਘ ਆਲੋਵਾਲ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਦੇ ਹੋਏ ਅਤੇ ਹੋਰ। ਤਸਵੀਰ : ਬਲਬੀਰ ਸਿੰਘ ਰਾਣਾ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਸਮਾਗਮ

ਲਾਡੋਵਾਲ, 28 ਅਕਤੂਬਰ (ਬਲਬੀਰ ਸਿੰਘ ਰਾਣਾ)-ਗੁਰਦੁਆਰਾ ਸਿੰਘਾਂ ਸ਼ਹੀਦਾਂ ਡੇਰਾ ਸੰਤ ਬਾਬਾ ਜਰਨੈਲ ਸਿੰਘ ਆਲੋਵਾਲ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਦਿਵਸ ਨੂੰ ਸਮਰਪਿਤ ਇਕ ਧਾਰਮਿਕ ਸਮਾਗਮ ਕਰਵਾਇਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੁਖਵਿੰਦਰ ਸਿੰਘ ਆਲੋਵਾਲ ਨੇ ਦੱਸਿਆ ਕਿ ਸਮਾਗਮ ਦੌਰਾਨ ਸ੍ਰੀ ਅਖੰਡ ਸਾਹਿਬ ਦੇ ਨਿਰਵਿਘਨ ਸੰਪੂਰਨ ਭੋਗ ਪਾਏ ਗਏ, ਉਪਰੰਤ ਹਜ਼ੂਰੀ ਰਾਗੀ ਜਥਾ ਭਾਈ ਰਵਿੰਦਰ ਸਿੰਘ ਅਤੇ ਰਿੰਕੂ ਸਿੰਘ ਦੇ ਕੀਰਤਨੀ ਜਥੇ ਵਲੋਂ ਸੰਗਤਾਂ ਨੂੰ ਗੁਰਬਾਣੀ ਦਾ ਰਸਭਿੰਨਾ ਕੀਰਤਨ ਗਾਇਣ ਕਰਕੇ ਹਾਜ਼ਰੀਨ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜ ਕੇ ਨਿਹਾਲ ਕੀਤਾ ਗਿਆ। ਇਸ ਮੌਕੇ ਮੁੱਖ ਸੇਵਾਦਾਰ ਸੰਤ ਬਾਬਾ ਸੁਖਵਿੰਦਰ ਸਿੰਘ ਆਲੋਵਾਲ (ਖੁਦ ਵਲੋਂ) ਸ੍ਰੀ ਮੁੱਖ ਵਾਕ ਦੀ ਕਥਾ ਅਤੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਅਤੇ ਗੁਰਬਾਣੀ ਨਾਲ ਜੋੜਿਆ। ਬਾਬਾ ਸੁਖਵਿੰਦਰ ਸਿੰਘ ਆਲੋਵਾਲ ਨੇ ਕਿਹਾ ਸਾਨੂੰ ਗੁਰੂ ਸਾਹਿਬਾਨ ਦੀ ਵਿਚਾਰਧਾਰਾ, ਉਨ੍ਹਾਂ ਦੇ ਉਪਦੇਸ਼, ਸੰਦੇਸ਼ ਅਤੇ ਦਰਸਾਏ ਮਾਰਗ 'ਤੇ ਚੱਲ ਕੇ ਸਮਾਜ ਸੇਵੀ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਸਮਾਗਮ ਵਿਚ ਪੁੱਜੀਆਂ ਸ਼ਖ਼ਸੀਅਤਾਂ ਨੂੰ ਸੰਤ ਬਾਬਾ ਸੁਖਵਿੰਦਰ ਸਿੰਘ ਆਲੋਵਾਲ ਵਲੋਂ ਸਿਰੋਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਡਾ. ਅਮਨਜੋਤ ਸਿੰਘ ਸੰਧੂ, ਬਲਦੇਵ ਸਿੰਘ, ਬੀਬੀ ਕਰਮਜੀਤ ਕੌਰ ਸੰਧੂ ਤੋਂ ਇਲਾਵਾ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ 'ਚ ਹਾਜ਼ਰੀ ਭਰੀ।



ਜੰਮੂ ਯੂਨੀਵਰਸਿਟੀ ਦੇ ਵਿਦਿਆਰਥੀ ਦੌਰੇ ਦੌਰਾਨ ਸੀਸੂ ਦੇ ਪ੍ਰਧਾਨ ਉਪਕਾਰ ਸਿੰਘ ਆਹੂਜਾ ਨਾਲ ਯਾਦਗਾਰੀ ਤਸਵੀਰ ਦੌਰਾਨ। ਤਸਵੀਰ-ਸੇਵਕ ਸਿੰਘ

# ਜੰਮੂ ਯੂਨੀਵਰਸਿਟੀ ਦੇ ਭਵਿੱਖ ਦੇ ਗਲੋਬਲ ਲੀਡਰਾਂ ਨੇ ਸੀਸੂ ਦਾ ਦੌਰਾ ਕੀਤਾ

ਲੁਧਿਆਣਾ, 28 ਅਕਤੂਬਰ (ਜਤਿੰਦਰ ਭੰਬੀ)-ਚੈਂਬਰ ਆਫ਼ ਇੰਡਸਟਰੀਅਲ ਐਂਡ ਕਮਰਸ਼ੀਅਲ ਅੰਡਰਟੇਕਿੰਗਜ਼ (ਸੀਸੂ) ਨੇ ਮਾਣ ਨਾਲ ਜੰਮੂ ਯੂਨੀਵਰਸਿਟੀ (ਐਮ.ਬੀ.ਏ. ਇੰਟਰਨੈਸ਼ਨਲ ਬਿਜ਼ਨਸ) ਦੇ ਹੁਸ਼ਿਆਰ ਵਿਦਿਆਰਥੀਆਂ ਦੇ ਇਕ ਸਮੂਹ ਦੀ ਮੇਜ਼ਬਾਨੀ ਸੀਸੂ ਕੰਪਲੈਕਸ ਫੋਕਲ ਪੁਆਇੰਟ ਵਿਖੇ ਇਕ ਇਮਰਸਿਵ ਇੰਡਸਟਰੀਅਲ ਲਰਨਿੰਗ ਫੇਰੀ ਲਈ ਕੀਤੀ। ਇਹ ਫੇਰੀ ਕਲਾਸ ਰੂਮ ਲਰਨਿੰਗ ਨੂੰ ਗਲੋਬਲ ਵਪਾਰ, ਉਦਮਤਾ ਅਤੇ ਆਧੁਨਿਕ ਉਦਯੋਗਿਕ ਈਕੋਸਿਸਟਮ ਦੇ ਵਿਹਾਰਕ ਐਕਸਪੋਜਰ ਨਾਲ ਜੋੜਨ ਲਈ ਤਿਆਰ ਕੀਤੀ ਗਈ ਸੀ। ਵਿਦਿਆਰਥੀਆਂ ਨੂੰ ਇਹ ਸਮਝਣ ਲਈ ਇਕ ਵਿਲੱਖਣ ਪਲੇਟਫਾਰਮ ਪੇਸ਼ ਕਰਦੀ ਹੈ ਕਿ ਭਾਰਤ ਦਾ ਨਿਰਮਾਣ ਖੇਤਰ ਅੰਤਰਰਾਸ਼ਟਰੀ ਮੁਕਾਬਲੇਬਾਜ਼ੀ ਲਈ ਕਿਵੇਂ ਤਿਆਰ ਹੋ ਰਿਹਾ ਹੈ। ਇਕ ਇੰਟਰਐਕਟਿਵ ਸਵਾਲ-ਜਵਾਬ ਸੈਸ਼ਨ ਦੌਰਾਨ ਸੀਸੂ ਦੇ ਪ੍ਰਧਾਨ ਉਪਕਾਰ ਸਿੰਘ ਆਹੂਜਾ ਅਤੇ ਜਨਰਲ ਸਕੱਤਰ ਹਨੀ ਸੇਠੀ ਨੇ ਆਪਣੇ ਪੇਸ਼ੇਵਰ ਸਫ਼ਰਾਂ ਦੇ ਅਨਮੋਲ ਅਨੁਭਵ ਸਾਂਝੇ ਕੀਤੇ। ਆਹੂਜਾ ਨੇ ਵਿਦਿਆਰਥੀਆਂ ਨੂੰ ਚੁਨੌਤੀਆਂ ਨੂੰ ਮੌਕਿਆਂ ਵਜੋਂ ਅਪਣਾਉਣ ਅਤੇ ਧੀਰਜ ਅਤੇ ਲਗਨ ਨਾਲ ਆਪਣੇ ਸੁਪਨਿਆਂ ਪ੍ਰਤੀ ਵਚਨਬੱਧ ਰਹਿਣ ਲਈ ਪ੍ਰੇਰਿਤ ਕੀਤਾ। 'ਕਾਰੋਬਾਰ ਵਿਚ ਸਫਲਤਾ ਕੋਈ ਦੌੜ ਨਹੀਂ ਹੈ, ਇਹ ਸਿੱਖਣ, ਦ੍ਰਿੜਤਾ ਅਤੇ ਇਮਾਨਦਾਰੀ ਦੀ ਯਾਤਰਾ ਹੈ। ਹਿੰਮਤ ਅਤੇ ਉਤਸੁਕਤਾ ਨਾਲ ਅੱਗੇ ਵਧਦੇ ਰਹੋ।' ਸੀਸੂ ਦੇ ਐਕਸਪੋਰਟ ਟਰੇਨਰ ਅਤੇ ਸੀਨੀਅਰ ਫੈਕਲਟੀ ਵਿਨੋਦ ਕੁਮਾਰ ਨੇ ਆਯਾਤ-ਨਿਰਯਾਤ ਪ੍ਰਬੰਧਨ ਅਤੇ ਅੰਤਰਰਾਸ਼ਟਰੀ ਵਪਾਰ ਦੇ ਮੌਕਿਆਂ 'ਤੇ ਇਕ ਦਿਲਚਸਪ ਅਤੇ ਸੂਝਵਾਨ ਸੈਸ਼ਨ ਕਰਵਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਉਤਪਾਦ ਪਛਾਣ ਅਤੇ ਦਸਤਾਵੇਜ਼ੀਕਰਨ ਤੋਂ ਲੈ ਕੇ ਪਾਲਣਾ, ਲੌਜਿਸਟਿਕਸ ਅਤੇ ਮਾਰਕੀਟ ਐਂਟਰੀ ਰਣਨੀਤੀਆਂ ਤੱਕ ਪੂਰੀ ਨਿਰਯਾਤ ਪ੍ਰਕਿਰਿਆ ਵਿਚ ਮਾਰਗਦਰਸ਼ਨ ਕੀਤਾ। ਵਿਦਿਆਰਥੀਆਂ ਨੇ ਸੀਸੂ ਦੇ ਸੈਂਟਰ ਆਫ਼ ਐਕਸੀਲੈਂਸ ਦਾ ਵੀ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਨਿਰਮਾਣ, ਆਟੋਮੇਸ਼ਨ ਅਤੇ ਹੁਨਰ ਵਿਕਾਸ ਵਿਚ ਅਤਿ-ਆਧੁਨਿਕ ਤਕਨਾਲੋਜੀਆਂ ਦੀ ਪੜਚੋਲ ਕੀਤੀ। ਜਨਰਲ ਸਕੱਤਰ ਹਨੀ ਸੇਠੀ ਨੇ ਕਿਹਾ ਕਿ ਨੌਜਵਾਨ ਮਨਾਂ ਵਿਚ ਇਸ ਭਾਵਨਾ ਨੂੰ ਪਾਲਣ 'ਤੇ ਮਾਣ ਹੈ।

ਭਾਰਤੀ ਰੇਲ
ਪਟਿਆਲਾ ਲੋਕੋਮੋਟਿਵ ਵਰਕਸ
ਪਟਿਆਲਾ—147 003
ਫੋਨ:: 2396000, 2396001, ਫੈਕਸ : 91-0175-2306413

ਨਿਵਿਦਾ ਸੂਚਨਾ ਨੰਬਰ ਪੀ.ਐਲ.ਡਬਲਯੂ./ਈ.ਐਲ/434/25
ਮਿਤੀ 09.10.2025 ਦਾ ਸ਼ੁਧਤਾ

No. PLW/EL/434/25 Date 27.10.2025

ਨਿਵਿਦਾ ਸੂਚਨਾ ਨੰਬਰ ਪੀ.ਐਲ.ਡਬਲਯੂ./ਈ.ਐਲ/434/25, ਜਿਸ ਵਿਚ "ਪੀ.ਐਲ.ਡਬਲਯੂ./ਪਟਿਆਲਾ ਦੇ ਵੱਖ-ਵੱਖ ਸ਼ਾਪ (ਐਲ.ਏ.ਐਸ. ਐਲ.ਐਫ.ਐਸ. ਪੀ.ਪੀ.ਐਸ. ਈ.ਸੀ.ਐਸ. ਐਚ.ਐਮ.ਐਸ) ਦੇ ਕੇਬਲ ਖਾਈ ਤੋਂ ਅਕਿਰਿਆਸ਼ੀਲ/ ਮ੍ਰਿਤ ਕੇਬਲਾਂ ਨੂੰ ਹਟਾਉਣ ਲਈ" ਪੜਾਅ-1 ਦੇ ਲਈ ਬਿਜਲੀ ਕੰਮ" ਮਿਤੀ 22.10.2025 ਨੂੰ ਹਿੰਦੀ, ਅੰਗ੍ਰੇਜ਼ੀ ਅਤੇ ਪੰਜਾਬੀ ਦੇ ਅਖਬਾਰਾਂ ਵਿਚ ਛਾਪਿਆ ਗਿਆ ਸੀ। ਟੈਂਡਰ ਦੀ ਅੰਤਮ ਮਿਤੀ ਕ੍ਰਮ ਸੰਖਿਆ 06 ਵਿਚ 04.11.2025 ਦੀ ਥਾਂ 'ਤੇ 14/11/2025 ਪੜ੍ਹੀ ਜਾਏ। 3349/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਭਾਰਤੀ ਰੇਲ
ਪਟਿਆਲਾ ਲੋਕੋਮੋਟਿਵ ਵਰਕਸ
ਪਟਿਆਲਾ—147 003
ਫੋਨ:: 2396000, 2396001, ਫੈਕਸ : 91-0175-2306413

ਨਿਵਿਦਾ ਸੂਚਨਾ ਨੰਬਰ ਪੀ.ਐਲ.ਡਬਲਯੂ./ਈ.ਐਲ/435/25
ਮਿਤੀ 13.10.2025 ਦਾ ਸ਼ੁਧਤਾ

No. PLW/EL/435/25 Date 27.10.2025

ਨਿਵਿਦਾ ਸੂਚਨਾ ਨੰਬਰ ਪੀ.ਐਲ.ਡਬਲਯੂ./ਈ.ਐਲ/435/25, ਜਿਸ ਵਿਚ "ਪੀ.ਐਲ.ਡਬਲਯੂ./ਪਟਿਆਲਾ ਵਿਖੇ ਅਫਸਰ ਰੈਸਟ ਹਾਊਸ ਦੀ ਮੁਰੰਮਤ ਅਤੇ ਅਫਸਰ ਕਲਬ ਬਿਜਲੀ ਦੇ ਕੰਮਾਂ ਦੀ ਮੁਰੰਮਤ" ਮਿਤੀ 24.10.2025 ਨੂੰ ਹਿੰਦੀ, ਅੰਗ੍ਰੇਜ਼ੀ ਅਤੇ ਪੰਜਾਬੀ ਦੇ ਅਖਬਾਰਾਂ ਵਿਚ ਛਾਪਿਆ ਗਿਆ ਸੀ। ਟੈਂਡਰ ਦੀ ਅੰਤਮ ਮਿਤੀ ਕ੍ਰਮ ਸੰਖਿਆ 06 ਵਿਚ 07.11.2025 ਦੀ ਥਾਂ 'ਤੇ 17/11/2025 ਪੜ੍ਹਿਆ ਜਾਵੇ।
ਨਿਵਿਦਾ ਨੰਬਰ PLW/EL/335/25 ਨੂੰ IREPS NIT ਹੇਡਰ ਵਿਚ ਜਿਕਰਯੋਗ PLW/EL/435/25 ਦੇ ਰੂਪ ਵਿਚ ਪੜ੍ਹਿਆ ਜਾ ਸਕਦਾ ਹੈ। 3350/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤਰ ਰੇਲਵੇ

ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ ਮਾਲਭਾੜਾ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-MA25-7 | 05.11.2025 ਨੂੰ 11:30 ਵਜੇ | ਗੱਡੀ ਨੰਬਰ 14634/33, 20424/23, 12408/07, 114622/21 & 14626/25, 20498/97 (ਗਰੁਪ ਰੇਲ ਲਿੰਕ) ਟ੍ਰੇਨਾਂ ਦੇ ਸਵਾਰੀ ਡੱਬਿਆਂ ਦੇ ਬਾਹਰੀ ਭਾਗ ਤੇ ਵਿਨਾਇਲ ਰੈਪਿੰਗ ਦੇ ਮਾਧਿਅਮ ਨਾਲ ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-MPS25-15 | 06.11.2025 ਨੂੰ 11:30 ਵਜੇ | ਲੁਧਿਆਣਾ, ਫਿਰੋਜ਼ਪੁਰ ਛਾਉਣੀ, ਫਰੀਦਕੋਟ ਅਤੇ ਫਿਲੌਰ ਰੇਲਵੇ ਸਟੇਸ਼ਨ ਤੇ ਬਹੁਉਦੇਸ਼ੀ ਸਟਾਲ (ਐਮਪੀਐਸ) ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-ATM25-2 | 07.11.2025 ਨੂੰ 11:30 ਵਜੇ | ਫਿਰੋਜ਼ਪੁਰ ਛਾਉਣੀ, ਫਗਵਾੜਾ, ਢੰਡਾਰੀ ਕਲਾਂ, ਹੁਸ਼ਿਆਰਪੁਰ, ਨਵਾਂ ਸ਼ਹਿਰ ਦੋਆਬਾ ਅਤੇ ਫਾਜਿਲਕਾ ਰੇਲਵੇ ਸਟੇਸ਼ਨ ਉਤੇ ਏਟੀਐਮ ਦੇ ਪ੍ਰਾਵਧਾਨ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। ਨੰਬਰ:NR-FZR0COML (NFR)/18/2024 ਤਾਰੀਕ: 27.10.2025 3335/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ